SET – 4

**Series : HRK/C**

ਕੋਡ ਨੰ. **6**

ਰੋਲ ਨੰਬਰ

Candidates must write the Code on the title page of the answer-book.

- Please check that this question paper contains **8** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **11** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸੰਕਲਿਤ ਪ੍ਰੀਖਿਆ – II

# SUMMATIVE ASSESSMENT – II

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 90*

*Time allowed : 3 hours* — *Maximum Marks : 90*

**ਨੋਟ :** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ–ਖੁੱਲ੍ਹੀ ਕਰਨ ਦਾ ਜਤਨ ਕਰੋ ।*

## I – ਪਾਠ ਪੁਸਤਕਾਂ ਤੇ ਆਧਾਰਿਤ ਪ੍ਰਸ਼ਨ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : **1 × 9 = 9**

(ੳ) ਕਵੀ ਡਾ: ਸੁਦਰਸ਼ਨ ਗਾਸੋ ਸਰਹੱਦ ਉੱਤੇ ਤਾਰਾਂ ਦੀ ਥਾਂ ਕਿਸ ਚੀਜ਼ ਨੂੰ ਬੀਜਣ ਦਾ ਸੁਝਾਅ ਦੇ ਰਿਹਾ ਹੈ ?

(ਅ) ਕਵੀ ਡਾ: ਦਵਿੰਦਰ ਬੀਬੀ ਪੁਰੀਆ 'ਕੁੱਖ ਦੀ ਆਵਾਜ' ਕਵਿਤਾ ਵਿੱਚ 'ਪਿਆਰਾ ਤੇ ਪਿਆਰੀ' ਕੌਣ ਹਨ ? ਜਿਨ੍ਹਾਂ ਨੂੰ ਧੀ ਵੇਖਣ ਦੀ ਚਾਹਵਾਨ ਹੈ ।

www.careerindia.com

CAREERINDIA

(ੲ) ਕਵੀ ਕੁਲਵੰਤਸਿੰਘ ਰਫ਼ੀਕ ਮਾਣ ਪੰਜਾਬੀ ਦਾ ਕਵਿਤਾ ਵਿੱਚ 'ਮਾਸੀ' ਕਿਸ ਨੂੰ ਕਹਿ ਰਿਹਾ ਹੈ ?

(ਸ) ਬੌਸ ਓਪਰੇਟਿੰਗ ਸਿਸਟਮ ਨੂੰ ਕਿਹੜੀ ਸੰਸਥਾ ਨੇ ਤਿਆਰ ਕੀਤਾ ਹੈ ?

(ਹ) ਡਾ : ਅਬਦੁਲ ਕਲਾਮ ਨੇ ਦਸਵੀਂ ਜਮਾਤ ਕਿਥੋਂ ਪਾਸ ਕੀਤੀ ?

(ਕ) ਬਾਰ੍ਹਵੀਂ ਪਾਸ ਹੋਣ ਦੇ ਤੋਹਫ਼ੇ ਵਜੋਂ ਮੀਨਾਕਸੀ ਨੇ ਮੱਮੀ–ਪਾਪਾ ਤੋਂ ਕਿਹੜੀ ਚੀਜ਼ਦੀ ਮੰਗ ਕੀਤੀ ?

(ਖ) ਵੰਦਨਾ ਪੋਦਿਆਂ ਨੂੰ ਪਾਣੀ ਦੇਣ ਲਈ ਕਿਉਂ ਤਿਆਰ ਹੋ ਗਈ ?

(ਗ) ਡਾ : ਅਬਦੁਲ ਕਲਾਮ ਦੀ ਮੌਤ ਕਿੰਨੀ ਉਮਰ ਵਿੱਚ ਹੋਈ ?

(ਘ) ਪ੍ਰੀਤ ਨਗਰ ਪੰਜਾਬੀ ਦੇ ਕਿਹੜੇ ਮਹਾਨਸਾਹਿਤਕਾਰ ਨੇ ਵਸਾਇਆ ਸੀ ?

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **40-50** ਸ਼ਬਦਾਂ ਵਿਚੱ ਲਿਖੋ : **2 × 8 = 16**

(ੳ) ਪਵਨ ਹਰ ਚੰਦਪੁਰੀ ਆਪਣੀ ਕਵਿਤਾ 'ਗੁਰੂ–ਉਪਦੇਸ਼' ਵਿੱਚ ਕੀ ਦਸਦੇ ਹਨ ਕਿ ਖਾਲਸੇ ਨੂੰ ਕੀ ਨਸੀਹਤ ਦਿੱਤੀ ਗਈ ?

(ਅ) ਕਵੀ ਡਾ: ਸੁਦਰਸ਼ਨ ਰਨਸੋ ਕਹਿੰਦਾ ਹੈ ਕਿ ਜੇਕਰ ਸੂਰਜ, ਚੰਨ ਅਤੇ ਹਵਾ ਲਈ ਕੋਈ ਦੁਨਿਆਵੀ ਬੰਧਨ ਨਹੀਂ ਤਾਂ ਫਿਰ ਮਨੁੱਖਾਂ ਨੇ ਦੇਸ਼ ਦੀਆਂ ਹੱਦ–ਬੰਦੀਆ ਰਾਹੀਂ ਝਗੜੇ ਕਿਉਂ ਪੈਦਾ ਕੀਤੇ ਹੋਏ ਹਨ ?

(ੲ) ਆਸਟ੍ਰੇਲੀਆ ਵਿੱਚ ਲੇਖਕ ਨਿੰਦਰ ਘੁਗਿਆਣਵੀ ਨੂੰ ਭਾਰਤੀਆਂ ਦੀਆਂ ਕਿਹੜੀਆਂ ਬੁਰਾਈਆਂ ਦੀ ਯਾਦ ਆਉਂਦੀ ਹੈ ?

(ਸ) ਗੂਗਲ ਇਨਪੁਟ ਟੂਲ ਕਿਸ ਤਰ੍ਹਾਂ ਦਾ ਪ੍ਰੋਗਰਾਮ ਹੈ ?

(ਹ) ਮੀਨਾਕਸ਼ੀ ਨੇ ਬਾਰ੍ਹਵੀ ਵਿਚੱ ਫ਼ਸ਼ਟ ਆਉਣਤੋਂ ਬਾਅਦ ਆਪਣਾ ਜਨਮ ਦਿਨ ਕਿਵੇਂ ਮਨਾਉਣ ਸੀ, ਪਰ ਉਹ ਕਿਉ ਰੱਦ ਕਰਨਾ ਪਿਆ ?

(ਕ) ਅਰਚਨਾ ਚੋਪੜਾ ਅਤੇ ਵੰਦਨਾ ਇੱਕੋ ਬਿਲਡਿੰਗ ਵਿੱਚ ਰਹਿੰਦੀਆਂ ਹਨ, ਤੇ ਮਿਲਕੇ ਗੱਲਾਂ ਵੀ ਕਰਦੀਆਂ ਹਨ, ਪਰ ਅਚਾਨਕ ਦੋਨਾਂ ਗੁਆਢਣਾਂ ਵਿੱਚ ਅਣਬਣ ਦਾ ਕੀ ਕਾਰਨ ਸੀ ?

(ਖ) ਦੇਸ ਦੀ ਤਰੱਕੀ ਲਈ ਡਾ : ਅਬਦੁਲਕਲਾਮ ਨੇ ਕਿੰਨਾਂ ਤਿੰਨ ਚੀਜਾਂ ਨੂੰ ਜਰੂਰੀ ਮੰਨਿਆ ਹੈ ?

(ਗ) ਨਾਨਕ ਸਿੰਘ ਦੇ ਕਿਹੜੇ ਨਾਵਲ ਦੀ ਕਹਾਣੀ ਉੱਪਰ ਹਿੰਦੀ ਫਿਲਮ ਬਣੀ ਅਤੇ ਇਸ ਫਿਲਮਨੂੰ ਕਿਸ ਨੇ ਬਣਾਇਆ ਸੀ ?



www.careerindia.com

CAREERINDIA

3. (i) ਕਵੀ ਕੁਲ ਵੰਤ ਸਿੰਘ ਰਫ਼ੀਕ ਕੀ ਆਸ ਕਰਦਾ ਹੈ ਕਿ ਪੰਜਾਬੀ ਬੋਲੀ ਦੀ ਕਿਸ ਦੇ ਫ਼ਰਮਾਨ ਨਾਲ ਕਦਰ ਪੈਸ ਕਦੀ ਹੈ ? ਵਿਸਥਾਰ ਨਾਲ **100-125** ਸ਼ਬਦਾਂ ਵਿੱਚ ਲਿਖੋ : **5**

**ਜਾਂ**

ਲੇਖਿਕਾ ਤਜਿੰਦਰ ਕੌਰ ਆਪਣੇ ਲੇਖ 'ਪੰਜਾਬ ਦੇ ਲੋਕ ਗੀਤਾਂ' ਦੇ ਅੰਤਵਿੱਚ ਲੋਕ ਗੀਤਾਂ ਬਾਰੇ ਕੀਵਿਚਾਰ ਪੇਸ਼ ਕਰਦੀ ਹੈ ? ਉਸਨੂੰ **100** ਕੁ ਸ਼ਬਦਾਂ ਵਿੱਚ ਲਿਖੋ ।

(ii) ਤੋਤਾ-ਮੈਨਾ ਕਿੱਥੇ ਗਾ ਰਹੇ ਸਨ ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ ? ਆਪਣੇ ਵਿਚਾਰ **100-125** ਸ਼ਬਦਾਂ ਵਿੱਚ ਲਿਖੋ । **5**

4. ਕਦਰਾਂ-ਕੀਮਤਾ :

ਡਾ: ਅਬਦੁਲ ਕਲਾਮ ਜੀ ਕਿਹਾ ਕਰਦੇ ਸਨ ਕਿ 'ਸੁਪਣੇ' ਉਹ ਨਹੀਂ ਹੁੰਦੇ ਜੋ ਤੁਸੀਂ ਨੀਂਦ ਵਿੱਚ ਵੇਖਦੇ ਹੋ, ਬਲਕੇ ਸੁਪਨੇ ਉਹ ਹੁੰਦੇ ਹਨ ਜੋ ਤੁਹਾਨੂੰ ਸੌਣ ਨਹੀਂ ਦਿੰਦੇ ਇਹ ਕਥਨ ਜਵਾਨ ਪੀੜ੍ਹੀ ਲਈ ਕਿਵੇਂ ਲਾਹੇ ਵੰਦ ਹੋ ? ਉਤਰ **100** ਕੁ ਸ਼ਬਦਾਂ ਵਿੱਚ ਲਿਖੋ । **5**

## II – ਪੜ੍ਹਨ-ਕੌਸ਼ਲ

5. (i) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਉੱਪਰ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **5**

"ਗੁਰੂ ਗੋਬਿੰਦ ਸਿੰਘ ਜੀ ਬੜੀ ਸੋਚ ਵਿਚਾਰ ਪਿੱਛੋਂ ਇਸ ਸਿੱਟੇ ਤੇ ਪੁੱਜੇ ਕਿ ਤਾਲੀਮ ਹਾਸਲ ਕਰਨਦਾ ਸ਼ੌਕ ਸਿੱਖਾਂ ਵਿੱਚ ਆਮ ਹੋਣਾ ਚਾਹੀਦਾ ਹੈ ? ਉਹ ਆਪ ਹਿੰਦੀ, ਸੰਸਕ੍ਰਿਤ, ਅਰਬੀ, ਫਾਰਸੀ ਅਤੇ ਪੰਜਾਬੀ ਦੇ ਉੱਚ ਕੋਟੀ ਦੇ ਵਿਦਵਾਨ ਸਨ । ਉਨ੍ਹਾਂ ਨੇ ਕਵੀ ਦਰਬਾਰ ਦਾ ਰਿਵਾਜ ਇਸ ਲਈ ਚਲਾਇਆ ਕਿ ਲੋਕਾਂ ਨੂੰ ਵਿਦਿਆ ਦਾ ਸ਼ੌਕ ਪੈਦਾ ਹੋ ਜਾਵੇ । ਇਨ੍ਹਾਂ ਕਵੀ ਦਰਬਾਰਾਂ ਵਿੱਚ ਉੱਚ-ਕੋਟੀ ਦੇ ਸ਼ਾਇਰ ਇੱਕਠੇ ਹੁੰਦੇ । ਕਵਿਤਾ ਅਤੇ ਲੇਖਣੀ ਦੇ ਮੁਕਾਬਲੇ ਹੁੰਦੇ । ਜਿਹੜੇ ਪਹਿਲੇ ਨੰਬਰ ਤੇ ਰਹਿੰਦੇ ਉਨ੍ਹਾਂ ਨੂੰ ਗੁਰੂ ਦਰਬਾਰ ਤੋਂ ਸਰੋਪਾਉ ਤੇ ਹੋਰ ਇਨਾਮ ਮਿਲਦਾ । ਗੁਰੂ ਜੀ ਨੇ ਆਪਣੇ ਜੀਵਨ ਦੇ ਕੁਝ ਸਾਲ, ਖਾਲਸਾ ਪੰਥ-ਸਜਾਉਣ ਤੋਂ ਪਹਿਲਾਂ ਇਕਾਂਤ ਵਿੱਚ ਪਹਾੜੀ ਟਿੱਲੇ ਤੇ ਗੁਜਾਰੇ ਸਨ । ਇਸ ਸਮੇਂ ਆਪ ਨੇ ਕਈ ਪੁਸਤਕਾਂ ਰਚੀਆਂ ਅਤੇ ਕਈ ਬਹੁ-ਮੁੱਲੇ ਹਿੰਦੀ ਤੇ ਸੰਸਕ੍ਰਿਤ ਗ੍ਰੰਥਾਂ ਦੇ ਤਰਜ਼ਮੇ ਕੀਤੇ ਅਤੇ ਹੋਰਾਂ ਤੋਂ ਵੀ ਕਰਵਾਏ । ਅਫ਼ਸੋਸ ! ਕਿ ਵਿੱਦਿਆ ਦਾ ਕੁਝ ਭਾਰੀ ਖਜਾਨਾਂ ਅਨੰਦਪੁਰ ਸਾਹਿਬ ਦੀ ਲੜਾਈ ਮਗਰੋਂ ਸਰਸਾ ਨਦੀ ਦੀ ਭੇਂਟ ਹੋਗਿਆ ।"

**ਪ੍ਰਸ਼ਨ :**

(ੳ) ਸਿੱਖਾਂ ਵਿਚ ਕਿਹੜਾ ਸ਼ੌਕ ਆਮ ਹੋਣਾ ਚਾਹੀਦਾ ਹੈ ?

(ਅ) ਗੁਰੂਜੀ ਨੇ ਲੋਕਾਂ ਵਿੱਚ ਵਿਦਿਆ ਦਾ ਸ਼ੌਕ ਪੈਦਾ ਕਰਨ ਲਈ ਕਿਹੜਾ ਰਿਵਾਜ ਪਾਇਆ ?

(ੲ) ਗੁਰੂਜੀ ਨੇ ਖਾਲਸਾ ਪੰਥ ਸਜਾਉਣ ਤੋਂ ਪਹਿਲਾਂ ਆਪਣਾ ਇਕਾਂਤ ਜੀਵਨ ਕਿੱਥੇ ਗੁਜਾਰਿਆ ?

(ਸ) ਕਵਿਤਾ ਤੇ ਲੇਖਣੀ ਦੇ ਮੁਕਾਬਲੇ ਵਿੱਚ ਪਹਿਲੇ ਨੰਬਰਾਂ ਤੇ ਰਹਿਣ ਵਾਲਿਆਨੂੰ ਕੀ ਇਨਾਮ ਮਿਲਦਾ ਸੀ ?

(ਹ) ਵਿਦਿਆਂ ਦਾ ਕੁਝ ਭਾਰੀ ਖਜਾਨਾ ਕਿਹੜੀ ਨਦੀ ਦੀ ਭੇਂਟ ਹੋ ਗਿਆ ?

www.careerindia.com

CAREERINDIA

(ii) ਬੁੱਲੇ ਸ਼ਾਹ ਅਠਾਰਵੀਂ ਸਦੀ ਦਾ ਬੜਾ ਪ੍ਰਸਿਧ ਤੇ ਹਰਮਨ ਪਿਆਰਾਸੂਫੀ ਫਕੀਰ ਤੇ ਚੋਟੀ ਦਾ ਪੰਜਾਬੀ ਕਵੀ ਹੋਇਆ ਹੈ ? **5**

"ਇਹ ਜਾਤ ਦਾ ਸੱਯਦ ਸੀ । ਜਿਲਾ ਲਾਹੌਰ ਵਿੱਚ ਕਸੂਰ ਦੇ ਲਾਗੇ ਪਿੰਡ ਪੰਡੋਰੀ ਵਿੱਚ 1680 ਈ. ਵਿੱਚ ਔਰੰਗਜ਼ੇਬ ਦੇ ਰਾਜ ਸਮੇਂ ਇਸ ਦਾ ਜਨਮ ਹੋਇਆ ਅਤੇ ਸਨ 1758 ਵਿੱਚ 78 ਸਾਲ ਦੀ ਲੰਮੀ ਉਮਰ ਭੋਗ ਕੇ ਇਸਨੇ ਚਲਾਣਾ ਕੀਤਾ । ਉਦੋਂ ਪੰਜਾਬ ਉੱਤੇ ਅਹਿਮਦਸ਼ਾਹ ਦੁਰਾਨੀ ਦੇ ਹੱਲੇ ਹੋ ਰਹੇ ਸਨ ਅਤੇ ਖਾਲਸਾ ਦਲ ਮੁਗਲਾਂ ਤੇ ਦੁਰਾਨੀਆਂ ਦੋਹਾਂ ਤੋਂ ਇਸ ਨੂੰ ਆਜ਼ਾਦ ਕਰਾਉਣ ਲਈ ਘੋਲ ਕਰ ਰਿਹਾ ਸੀ । ਛੋਟੀ ਉਮਰ ਵਿੱਚ ਹੀ ਬੁਲ੍ਹੇਸ਼ਾਹ ਨੇ ਫਾਰਸੀ ਅਤੇ ਅਰਬੀ ਦੀ ਵਿਦਿਆ ਪ੍ਰਾਪਤ ਕਰ ਲਈ ਸੀ । ਉਨ੍ਹਾਂ ਦਿਨਾਂ ਵਿੱਚ ਲਾਹੌਰ ਸੂਫ਼ੀ ਲਹਿਰ ਦਾ ਕੇਂਦਰ ਸੀ ? ਇਨਾਇਤ ਸ਼ਾਹ, ਕਾਦਰੀ ਫਿਰਕੇ ਦਾ ਬੜਾ ਮਸ਼ਹੂਰ ਫਕੀਰਸੀ । ਇਹ ਫਾਰਸੀ ਅਤੇ ਅਰਬੀ ਦਾ ਬੜਾ ਵਿਦਵਾਨ ਅਤੇ ਲੇਖਕ ਸੀ । ਬੁੱਲੇ ਸ਼ਾਹ ਇਸ ਦੇ ਪਾਸ ਚਲਾ ਗਿਆ । ਇਸ ਤੋਂ ਦੀਨੀ ਤੇ ਰੂਹਾਨੀ ਸਿਖਿਆ ਪ੍ਰਾਪਤ ਕੀਤੀ ਉਸ ਨੂੰ ਆਪਣਾ ਰੂਹਾਨੀ ਮੁਰਸ਼ਦ ਬਣਾਕੇ, ਆਪਣਾ ਆਪ ਉਸ ਨੂੰ ਸੌਂਪ ਦਿੱਤਾ । ਇਸ ਨੂੰ ਸੂਫ਼ੀ ਮਤ ਅਨੁਸਾਰ ਰੱਬੀ ਪ੍ਰੇਮ ਦੀ ਅਜਿਹੀ ਰੰਗਤ ਚੜ੍ਹਾਈ ਕਿ ਉਸ ਵੇਲੇ ਨਾ ਕੇਵਲ ਪੰਜਾਬ ਵਿੱਚ ਸਗੋਂ ਸੰਸਾਰ ਦੇ ਸੂਫ਼ੀਆਂ ਵਿੱਚ ਪ੍ਰਸਿਧ ਹੋਗਿਆ ।"

**ਪ੍ਰਸ਼ਨ** :

(ੳ) ਬੁੱਲੇ ਸ਼ਾਹ ਦਾ ਜਨਮ ਕਦੋਂ ਹੋਇਆ ?

(ਅ) ਬੁੱਲੇ ਸ਼ਾਹ ਕਿਸ ਜਾਤਦਾ ਸੀ ?

(ੲ) ਉਪਰੋਕਤ ਪੈਰੇ ਵਿੱਚ 'ਰੂਹਾਂਨੀ' ਸ਼ਬਦ ਦਾ ਕੀ ਅਰਥ ਹੈ ?

(ਸ) ਬੁੱਲੇ ਸ਼ਾਹ ਦੇ ਸਮੇਂ ਲਾਹੌਰ ਕਿਹੜੀ ਲਹਿਰ ਦਾ ਕੇਂਦਰ ਸੀ ?

(ਹ) ਇਨਾਇਤ ਸ਼ਾਹ ਕਿਹੜੇ ਫਿਰਕੇ ਦਾ ਫ਼ਕੀਰ ਸੀ ?

## III – ਲਿਖਣ-ਕੌਸ਼ਲ

6. ਹੇਠ ਲਿਖੇ ਵਿਸ਼ੇ ਤੇ ਦਿੱਤੇ ਨੁਕਤਿਆਂ ਦੇ ਆਧਾਰ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : **12**

"ਦੇਸ ਦੀ ਨੈਤਿਕਤਾ ਦਾ ਪੱਤਨ"

ਨੁਕਤੇ :

(i) ਭੂਮਿਕਾ

(ii) ਸਦਾਚਾਰ ਦੀ ਗਿਰਾਵਟ

(iii) ਰਿਸ਼ਵਤ ਖੋਰੀ

(iv) ਇਖਲਾਕੀ ਗਿਰਾਵਟ

(v) ਰਾਜਨੀਤਕ ਆਗੂਆਂ ਦੀ ਦਿਸ਼ਾ ਹੀਣਤਾ – ਆਦਿਕ

**ਜਾਂ**



www.careerindia.com

CAREERINDIA

"ਸੋ ਕਿਉ ਮੰਦਾ ਆਖੀਐ"

ਨੁਕਤੇ :

(i) ਭੂਮਿਕਾ

(ii) ਇਸਤਰੀ ਮਨੁੱਖ ਦੀ ਜਨਨੀ

(iii) ਪੁਰਸ਼ ਪ੍ਰਧਾਨ ਸਮਾਜ਼

(iv) ਹਾਣਦਾ ਰਿਸ਼ਤਾ ਹਾਣ-ਪ੍ਰਵਾਨ ਨਾਲ

(v) ਤੁੱਕ ਦਾ ਅਰਥ

7. ਜਲਬੋਰਡ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਆਪਣੇ ਇਲਾਕੇ ਵਿੱਚ ਪਾਣੀਨਾ ਆਉਣ ਦੀ ਸਮਸਿਆ ਦੱਸਕੇ ਉਸ ਦੇ ਹੱਲ ਲਈ ਬੇਂਨਤੀ ਕਰੋ : **8**

ਨੁਕਤੇ :

(i) ਪਾਣੀ ਦੀ ਗੰਭੀਰ ਸਮੱਸਿਆ

(ii) ਬੂੰਦ-ਬੂੰਦ ਪਾਣੀ ਲਈ ਤਰਸਣਾ

(iii) ਗਰੀਬ ਲੋਕਾਂ ਲਈ ਤਾਂ ਬਹੁਤ ਹੀ ਮੁਸ਼ਕਿਲ ਹੈ । ਕਾਲੋਨੀ ਵਾਸੀ ਯੋਗ ਹੱਲ ਲਈ ਆਸ ਲੈਕੇ ਆਏ ਹਾਂ ।

**ਜਾਂ**

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖ ਕੇ ਦੱਸੋ ਕਿ ਸ਼ਹਿਰ ਵਿੱਚ ਗੁੰਡਾ ਗਰਦੀ ਦੀਆਂ ਵਾਰਦਾਤਾਂ ਦਿਨੋ-ਦਿਨ ਵਧ ਰਹੀਆ ਹਨ ਇਸ ਲਈ ਸਰਕਾਰ ਤੇ ਜ਼ੋਰ ਪਾਇਆ ਜਾਏ ।

ਨੁਕਤੇ :

(i) ਆਮ ਆਦਮੀ ਅਮਨਚੈਨ ਦੀ ਜ਼ਿੰਦਗੀ ਜੀਉਣਾ ਚਾਹੁੰਦਾ ਹੈ

(ii) ਦਿਨ-ਦਿਹਾੜੇ ਲੁੱਟ-ਘਸੁੱਟ ਦੀਆਂ ਵਾਰਦਾਤਾ

(iii) ਪੁਲਿਸ ਨਾਂ ਦੀ ਕੋਈ ਚੀਜ਼ ਨਹੀਂ

## IV – ਵਿਆਕਰਨ

8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਾਂਲਈ ਸਹੀ ਵਿਕਲਪ ਚੁਣੋ : **20**

(i) ਅਤਿ ਕਥਨੀ ਸ਼ਬਦ ਵਿੱਚ _____ ਅਗੇਤਰ ਹੈ :

(ੳ) ਅ (ਅ) ਨੀ

(ੲ) ਅਤਿ (ਸ) ਅਤਿਕ

www.careerindia.com

CAREERINDIA

(ii) 'ਕਮਅਕਲ' ਸ਼ਬਦਵਿੱਚ ਅਗੇਤਰ ਹੈ :

(ੳ) ਕ (ਅ) ਕਮਅਕ

(ੲ) ਕਮ (ਸ) ਕਮਅ

(iii) ਹਿੰਦੋਸਤਾਨ ਸ਼ਬਦ ਵਿੱਚ _____ ਪਿਛੇਤਰ ਹੈ :

(ੳ) ਨ (ਅ) ਆਨ

(ੲ) ਤਾਨ (ਸ) ਸਤਾਨ

(iv) ਲਾਡਲਾ ਸ਼ਬਦ ਵਿੱਚ _____ ਪਿਛੇਤਰ ਹੈ ।

(ੳ) ਲਾ (ਅ) ਲਾਡ

(ੲ) ਡਲਾ (ਸ) ਡਲ

(v) ਅਗੇਤਰ ਕਿਸ ਨੂੰ ਆਖਦੇ ਹਨ ? **5**

9. (i) ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸਮਾਸੀ ਸ਼ਬਦ ਸਹੀ ਸਮੂਹ ਲੱਭੋ : ਮਹਿੰਗਾਈ <u>ਦਿਨੋ-ਦਿਨ</u> ਬਧਦੀ ਜਾਂਦੀ ਹੈ

(ੳ) ਦਿਨ ਅਤੇ ਦਿਨ (ਅ) ਦਿਨ ਅਤੇ ਪ੍ਰਤੀ ਦਿਨ

(ੲ) ਦਿਨ ਹੀ ਦਿਨ ਵਿੱਚ (ਸ) ਦਿਨ ਪਰ ਦਿਨ

(ii) ਲਕੀਰੇ ਸ਼ਬਦ ਸਮੂਹ ਦਾ ਸਹੀ ਸਮਾਸੀ ਸ਼ਬਦ ਚੁਣੋ

<u>ਵਿੱਦਿਆ ਦਾ ਦਾਨ</u> ਉੱਤਮ ਦਾਨ ਹੈ :

(ੳ) ਵਿਦਿਆਨ (ਅ) ਵਿਦਿਆ ਦਾਨ

(ੲ) ਵਿਦਿਆ ਦਾਨੀ (ਸ) ਦਾਨ ਵਿਦਿਆ

(iii) ਛੋਟਾ ਅਤੇ ਵੱਡਾ ਸ਼ਬਦ ਸਮੂਹ ਲਈ ਸਹੀ ਸਮਾਸੀ ਸ਼ਬਦ ਚੁਣੋ

(ੳ) ਵੱਡਾ ਛੋਟਾ (ਅ) ਛੋਟਾ ਵਡੀ

(ੲ) ਛੋਟਾ-ਵੱਡਾ (ਸ) ਛੋਟੀ-ਵੱਡੀ

(iv) 'ਵੈਰ-ਵਿਰੋਧ' ਸਮਾਸੀ ਸ਼ਬਦ ਲਈ ਸਹੀ ਸ਼ਬਦ ਸਮੂਹ ਚੁਣੋ :

(ੳ) ਵੈਰ ਲਈਵਿਰੋਧ (ਅ) ਵੈਰ ਨਾਲ ਵਿਰੋਧ

(ੲ) ਵੈਰ ਅਤੇ ਵਿਰੋਧ (ਸ) ਵਿਰੋਧ ਨਾਲ ਵੈਰ

(v) ਸਮਾਸੀ ਸ਼ਬਦ ਕਿਹੜੇ ਹੁੰਦੇ ਹਨ **5**



www.careerindia.com

CAREERINDIA

10. (i) ਵਿਸਮਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?

(ੳ) ਛੇ (ਅ) ਸੱਤ

(ੲ) ਅੱਠ (ਸ) ਨੌਂ

(ii) ਫਿਟਕਾਰ ਵਾਚਕ ਵਿਸਮਨ ਕਿਹੜਾ ਹੈ ?

(ੳ) ਜਵਾਨ (ਅ) ਬਲਿਹਾਰ

(ੲ) ਲੱਖ–ਲਾਹਨਤ (ਸ) ਦਾਤਾ

(iii) ਸਤਿਕਾਰ ਵਾਚਕ ਵਿਸਮਕ ਹੈ :

(ੳ) ਵਾਹ ਭਾਈ ਵਾਹ (ਅ) ਠਹਿਰ ਖਬਰਦਾਰ

(ੲ) ਜੀ ਆਇਆ ਨੂੰ (ਸ) ਧੰਨ ਭਾਗ

(iv) ਕਾਸ਼ ! ਵਿਸਮਕ ਸ਼ਬਦ ਹੈ :

(ੳ) ਸਤਿਕਾਰ ਵਾਚਕ (ਅ) ਸੋਕ ਵਾਚਕ

(ੲ) ਇਛਾ ਵਾਚਕ (ਸ) ਸੂਚਨਾ ਵਾਚਕ

(v) ਦੋ ਅਸੀਸ ਵਾਚਕ ਵਿਸਮਕ ਲਿਖੋ । **5**

11. ਸਹੀ ਵਿਕਲਪ ਨਾਲ ਖਾਲੀ ਥਾਂ ਭਰੋ :

(i) ਕੋਠੇ ਤੋਂ ਡਿੱਗ ਪਈ ______ ਨਾਲ ਰੁੱਸ ਪਈ :

(ੳ) ਗੁਆਂਢੀਨਾਲ (ਅ) ਛੱਤਨਾਲ

(ੲ) ਵਿਹੜੇਨਾਲ (ਸ) ਕੰਧ ਨਾਲ

(ii) ਗਏ ਸ਼ਰਾਧ ਆਏ ______ ਬਾਹਮਣ ਬੈਠੇ ਚੁੱਪ ਚੁਪਾਤੇ :

(ੳ) ਬਰਾਤੇ (ਅ) ਰਾਤੇ

(ੲ) ਨਰਾਤੇ (ਸ) ਦੁਸਹਿਰੇ



www.careerindia.com

(iii) 'ਖਵਾਜੇ ਦਾ _______ ਡਡੂ' ਅਖਾਣ ਪੂਰਾ ਕਰੋ :

(ੳ) ਮਿੱਤਰ (ਅ) ਦੁਸਮਨ

(ੲ) ਰਿਸ਼ਤੇਦਾਰ (ਸ) ਗਵਾਹ

(iv) ਘਰ ਦੀ ਖੰਡ ਕਿਰਕਰੀ ਬਾਹਰ ਦਾ ਗੁੜ ______ ।

(ੳ) ਕੌੜਾ (ਅ) ਮਾਖਿਓ

(ੲ) ਮਿੱਠਾ (ਸ) ਲੂਣਾ

(v) ਜੇਹੀ ਕਰਨੀ ਤੇਹੀ ਭਰਨੀ ਅਖਾਣ ਵਰਤ ਕੇ ਮਹਾਤਮਾ ਜੀ ਸੰਗਤ ਨੂੰ ਕਿਹੋ ਜਿਹੇ ਕੰਮ ਕਰਨ ਦਾ ਉਪਦੇਸ਼ ਦੇ ਰਹੇ ਸਨ ? **5**

---

www.careerindia.com